بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 08.05.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਅਜ਼ਰਤ ਖ਼ਬਾਬ ਬਿਨ ਅਰਤ ਦੇ ਸਦਗੁਣਾ ਦਾ ਇਮਾਨ ਵਿੱਚ ਵਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 08 ਮਈ 2020 ਈ. ਨੂੰ ਮਸਜਿਦ ਮੁਬਾਰਕ, ਇਸਲਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فأعوذ بالله من الشيطٰن الرجيم ۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعَالَمِيْنَ ۔ الرَّحْمٰنِ الرَّحِيْمِ ۔ مَالِكِ يَوْمِ الدِّيْنِ ۔ إِيَّاكَ نَعْبُدُ وَإِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّالِّيْنَ ۔

ਤਸ਼ੱਹੁਦ, ਤਊਜ਼, ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਬਦਰੀ ਸਹਾਬਾ ਹਜ਼ਰਤ ਖ਼ਬਾਬ ਬਿਨ ਅਰਤ ਰਜ਼ੀ ਅਲੱਹ ਅਨਹੁ ਦਾ ਜ਼ਿਕਰ ਕਰਾਂਗਾ । ਹਜ਼ਰਤ ਖ਼ਬਾਬ ਦਾ ਸੰਬੰਧ ਕਬੀਲਾ ਬਨੂ ਸਅਦ ਬਿਨ ਜ਼ੈਦ ਨਾਲ ਸੀ । ਇਹਨਾ ਦੇ ਪਿਤਾ ਦਾ ਨਾਂ ਅਰਤ ਬਿਨ ਜੰਦਲਾ ਸੀ । ਜਹਾਲਤ ਦੇ ਸਮੇਂ ਗ਼ੁਲਾਮ ਬਣਾਕੇ ਮੱਕੇ ਵਿੱਚ ਵੇਚ ਦਿੱਤੇ ਗਏ ਸਨ । ਅਰੰਭਕ ਇਸਲਾਮ ਲਿਆਉਣ ਵਾਲੇ ਸਹਾਬੀਆਂ ਵਿੱਚੋਂ ਛੇਵੇਂ ਨੰਬਰ'ਤੇ ਸਨ ਅਤੇ ਉਹਨਾ ਪਹਿਲਾਂ ਆਉਣ ਵਾਲਿਆਂ ਵਿੱਚੋਂ ਸਨ ਜਿੰਨ੍ਹਾ ਨੇ ਆਪਣਾ ਇਸਲਾਮ ਜ਼ਾਹਰ ਕਰਕੇ ਇਸ ਦੇ ਪ੍ਰਤੀਫ਼ਲ ਵਿੱਚ ਸਖ਼ਤ ਔਕੁੜਾਂ ਝੱਲੀਆਂ ਸਨ । ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਦਾਰੇ ਅਰਕਮ ਵਿੱਚ ਆਉਣ ਤੋਂ ਪਹਿਲਾਂ ਇਸਲਾਮ ਵਿੱਚ ਆਏ ਸਨ ।

ਹਜ਼ਰਤ ਖ਼ਬਾਬ ਬਿਆਨ ਕਰਦੇ ਹਨ ਕਿ ਇਕ ਵਾਰ ਅਸੀਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਅਰਜ਼ ਕੀਤੀ ਕਿ ਆਪ ਸਾਡੇ ਲਈ ਮਦਦ ਦੀ ਮੰਗ ਨਹੀਂ ਕਰਨਗੇ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਤੁਹਾਡੇ ਤੋਂ ਪਹਿਲਾਂ ਜੋ ਲੋਕ ਬੀਤੇ ਹਨ ਉਹਨਾ ਵਿੱਚੋਂ ਇਕ ਵਿਅਕਤੀ ਲਈ ਧਰਤੀ ਵਿੱਚ

ਟੋਆ ਪੁੱਟਿਆ ਜਾਂਦਾ ਫਿਰ ਉਸਨੂੰ ਉਸ ਵਿੱਚ ਗੱਢ ਦਿਤੱਾ ਜਾਂਦਾ ਫਿਰ ਆਰਾ ਲਿਆਇਆ ਜਾਂਦਾ ਅਤੇ ਉਸ ਦੇ ਸਿਰ'ਤੇ ਰੱਖਿਆ ਜਾਂਦਾ ਅਤੇ ਉਸ ਵਿਅਕਤੀ ਦੇ ਦੋ ਟੋਟੇ ਕਰ ਦਿੱਤੇ ਜਾਂਦੇ ਅਤੇ ਇਹ ਗੱਲ ਉਸਨੂੰ ਦੀਨ (ਧਰਮ) ਤੋਂ ਨ ਰੋਕ ਸਕਦੀ ਅਤੇ ਲੋਹੇ ਦੀਆਂ ਕੰਘੀਆਂ ਨਾਲ ਉਸ ਦਾ ਮਾਸ ਹੱਡੀਆਂ ਜਾਂ ਪੱਠਿਆਂ'ਚੋਂ ਨੋਚਕੇ ਅੱਡ ਕਰ ਦਿਤੱਾ ਜਾਂਦਾ ਅਤੇ ਇਹ ਗੱਲ ਉਸ ਨੂੰ ਉਸ ਦੇ ਧਰਮ ਤੋਂ ਨ ਰੋਕ ਸਕਦੀ । ਫਿਰ ਉਸ ਨੂੰ ਸਿਵਾਏ ਰੱਬ ਦੇ ਹੋਰ ਕਿਸੇ ਦਾ ਡਰ ਨਹੀਂ ਹੋਵੇਗਾ, ਤੁਸੀਂ ਲੋਕ ਛੇਤੀ ਕਰਦੇ ਹੋ ।

ਹਜ਼ਰਤ ਖ਼ਬਾਬ ਲੁਹਾਰ ਸਨ ਅਤੇ ਤਲਵਾਰਾਂ ਬਣਾਇਆ ਕਰਦੇ ਸਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਉਹਨਾ ਨਾਲ ਬਹੁਤ ਪ੍ਰੇਮ ਰਖੱਦੇ ਸਨ ਅਤੇ ਉਹਨਾ ਕੋਲ ਚਲੇ ਜਾਇਆ ਕਰਦੇ ਸਨ । ਉਹਨਾ ਦੀ ਮਾਲਿਕਾ ਨੂੰ ਇਸ ਦੀ ਖ਼ਬਰ ਮਿਲੀ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਹਜ਼ਰਤ ਖ਼ਬਾਬ ਕੋਲ ਆਉਂਦੇ ਹਨ ਤਾਂ ਉਹ ਤਤੱਾ ਤਤੱਾ ਲੋਹਾ ਹਜ਼ਰਤ ਖਬਾਬ ਦੇ ਸਿਰ'ਤੇ ਰਖੱਣ ਲੱਗੀ । ਹਜ਼ਰਤ ਖਬਾਬ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਇਸ ਦੀ ਸ਼ਿਕਾਇਤ ਕੀਤੀ ਤਾਂ ਆਪ ਨੇ ਫ਼ਰਮਾਇਆ ਹੇ, ਅਲੱਾਹ ਖ਼ਬਾਬ ਦੀ ਮਦਦ ਕਰ । ਸੋ, ਸਿਟੱਾ ਇਹ ਹੋਇਆ ਕਿ ਉਹਨਾ ਦੀ ਮਾਲਿਕਾ ਦੇ ਸਿਰ ਵਿੱਚ ਕੋਈ ਰੋਗ ਪੈਦਾ ਹੋ ਗਿਆ ਅਤੇ ਉਹ ਕੁੱਤਿਆਂ ਵਾਂਗ ਅਵਾਜ਼ ਕਢੱਦੀ ਸੀ, ਉਸ ਨੂੰ ਕਿਹਾ ਗਿਆ ਕਿ ਤੂੰ ਦਾਗ਼ ਲਗਵਾ ਲੈ ਅਰਥਾਤ ਗਰਮ ਲੋਹਾ ਆਪਣੇ ਸਿਰ'ਤੇ ਲਗਵਾ । ਸੋ, ਹਜ਼ਰਤ ਖਬਾਬ ਗਰਮ ਲੋਹੇ ਨਾਲ ਉਸਦੇ ਸਿਰ ਨੂੰ ਦਾਗ਼ਦੇ ਸਨ । ਮਜਬੂਰ ਹੋਈ ਤਾਂ ਫਿਰ ਉਹ ਆਪਣੇ ਸਿਰ'ਤੇ ਗਰਮ ਲੋਹਾ ਲਗਵਾਉਂਦੀ ਸੀ ।

ਇਕ ਵਾਰ ਹਜ਼ਰਤ ਖ਼ਬਾਬ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਕੋਲ ਆਏ ਉਹਨਾ ਦੇ ਹਜ਼ਰਤ ਖਬਾਬ ਨੂੰ ਆਪਣੇ ਸਿਹਾਸਨ'ਤੇ ਬਿਠਾਇਆ ਅਤੇ ਫ਼ਰਮਾਇਆ ਧਰਤੀ ਉਪੱਰ ਕੋਈ ਵਿਅਕਤੀ ਇਸ ਸਭਾ ਦਾ ਇਹਨਾ ਤੋਂ ਵੱਧ ਯੋਗ ਨਹੀਂ ਸਿਵਾਏ ਇਕ ਵਿਅਕਤੀ ਦੇ । ਹਜ਼ਰਤ ਖ਼ਬਾਬ ਨੇ ਕਿਹਾ ਉਹ ਕੌਣ ਹੈ ਤਾਂ ਹਜ਼ਰਤ ਉਮਰ ਨੇ ਫ਼ਰਮਾਇਆ ਉਹ ਬਿਲਾਲ ਹੈ । ਹਜ਼ਰਤ ਖ਼ਬਾਬ ਨੇ ਕਿਹਾ ਕਿ ਹੇ, ਅਮੀਰੁਲ ਮੋਮਿਨੀਨ ਉਹ ਮੇਰੇ ਤੋਂ ਬਹੁਤਾ ਯੋਗ ਨਹੀਂ ਹੈ ਕਿਉਂਕਿ ਬਿਲਾਲ ਜੱਦ ਮੁਸ਼ਰਿਕਾਂ ਦੇ ਹਥੱਾਂ ਵਿੱਚ ਸਨ ਤਾਂ ਉਹਨਾ ਦਾ ਕੋਈ ਨ ਕੋਈ ਸਹਾਇਕ ਸੀ ਜਿਸ ਰਾਹੀਂ ਰੱਬ ਉਹਨਾ ਨੂੰ ਬਚਾ ਲਿਆ ਕਰਦਾ ਸੀ ਪਰ ਮੇਰੇ ਲਈ ਕੋਈ ਨਹੀਂ ਸੀ ਜੋ ਮੇਰੀ ਸੁਰੱਖਿਆ ਕਰਦਾ। ਇਕ ਦਿਨ ਮੈਂ ਆਪਣੇ ਆਪ ਨੂੰ ਇਸ ਅਵਸਥਾ ਵਿੱਚ ਦੇਖਿਆ ਕਿ ਲੋਕਾਂ ਨੇ ਮੈਂਨੂੰ ਫੜ ਲਿਆ ਅਤੇ ਮੇਰੇ ਲਈ ਅੱਗ ਬਾਲੀ ਗਈ, ਫਿਰ ਮੈਂਨੂੰ ਉਸ ਵਿੱਚ ਪਾ ਦਿਤੱਾ ਗਿਆ ਅਤੇ ਇਕ ਵਿਅਕਤੀ ਨੇ ਆਪਣਾ ਪੈਰ੍ਹ ਮੇਰੀ ਹਿੱਕ ਉਪੱਰ ਰੱਖ ਦਿਤੱਾ । ਤਾਂ ਕੋਈ ਚੀਜ਼ ਇਹਨਾ ਅੰਗਾਰਿਆਂ ਨੂੰ ਠੰਡਾ ਕਰਨ ਵਾਲੀ ਨਹੀਂ ਸੀ ਸਿਵਾਏ ਸ਼ਰੀਰ ਦੀ ਖੱਲ੍ਹ ਤੇ ਚਰਬੀ ਦੇ, ਉਹੋ ਪੰਘਰ ਕੇ ਉਸ ਨੂੰ ਠੰਡਾ ਕਰ ਰਹੀ ਸੀ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਹਜ਼ਰਤ ਖ਼ਬਾਬ ਬਾਰੇ ਫ਼ਰਮਾਉਂਦੇ ਹਨ ਕਿ ਚੇਤੇ ਰਖੱਣਾ ਚਾਹੀਦਾ ਹੈ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਸਲਮ ਉਪੱਰ ਇਮਾਨ ਲਿਆਕੇ ਜਿੰਨ੍ਹਾ ਲੋਕਾਂ ਨੇ ਸਭ ਤੋਂ ਵੱਧ ਕਸ਼ਟ ਝੱਲੇ ਉਹ ਗ਼ੁਲਾਮ ਹੀ ਸਨ । ਖ਼ਬਾਬ ਬਿਨ ਅਰਤ ਜੋ ਲੁਹਾਰੇ ਦਾ ਕੰਮ ਕਰਦੇ ਸਨ ਉਹ ਅਰੰਭਕ ਦਿਨਾਂ ਵਿੱਚ ਆਪ ਸਲਲੱਾਹੁ ਅਲੈਹਿ ਵਸਲਮ ਉਪੱਰ ਇਮਾਨ ਲਿਆਏ ਸਨ । ਲੋਕ ਇਹਨਾ ਨੂੰ ਕਰੜੇ ਕਸ਼ਟ ਦਿਆ ਕਰਦੇ ਸਨ, ਇੱਥੋਂ ਤੱਕ ਕਿ ਇਹਨਾਂ ਦੀ ਭੱਠੀ ਦੇ ਹੀ ਭਖੱਦੇ ਕੋਲੇ ਕਢੱਕੇ ਇਹਨਾ'ਤੇ ਲਿਟਾ ਦਿੰਦੇ ਸਨ ਅਤੇ ਉਪੱਰੋਂ ਹਿੱਕ ਉਪੱਰ ਪਥੱਰ ਰਖੱਦੇ ਸਨ ਤਾਂ ਜੋ ਲੱਕ ਨ ਹਿਲਾ ਸਕਣ । ਇਹਨਾ ਦੀ ਮਜ਼ਦੂਰੀ ਦਾ ਪੈਸਾ ਜੋ ਇਹਨਾ ਲੋਕਾਂ

ਦੇ ਜ਼ਿੰਮੇ ਸੀ ਉਹ ਵੀ ਦੇਣ ਤੋਂ ਇਨਕਾਰੀ ਹੋ ਗਏ । ਪਰ ਇਹਨਾ ਸਾਰਿਆਂ ਆਰਥਕ ਤੇ ਜਾਨੀ ਨੁਕਸਾਨ ਹੋਣ ਦੇ ਆਪ ਇਕ ਮਿੰਟ ਲਈ ਵੀ ਥਿੜਕੇ ਨਹੀਂ ਅਤੇ ਇਮਾਨ ਉਪੱਰ ਡਟੇ ਰਹੇ ।

ਆਪ ਫ਼ਾਰਮਾਉਂਦੇ ਹਨ ਕਿ ਇਕ ਵਾਰ ਇਕ ਅਰੰਭਕ ਨਵੇਂ ਮੁਸਲਿਮ ਗ਼ੁਲਾਮ ਖ਼ਬਾਬ ਦੀ ਪਿੱਠ ਨੰਗੀ ਹੋਈ ਤਾਂ ਉਹਨਾ ਦੇ ਸਾਥੀਆਂ ਨੇ ਦੇਖਿਆ ਕਿ ਉਹਨਾ ਦੀ ਪਿੱਠ ਦੀ ਖੱਲ ਮਨੁੱਖਾਂ ਜਿਹੀ ਨਹੀਂ ਹੈ ਸਗੋਂ ਪਸ਼ੂਆਂ ਜਿਹੀ ਹੈ । ਉਹ ਘਬਰਾ ਗਏ ਅਤੇ ਉਹਨਾ ਨੂੰ ਪੁੱਛਿਆ ਕਿ ਆਪ ਨੂੰ ਇਹ ਕੀ ਰੋਗ ਹੈ ? ਉਹ ਹੱਸੇ ਅਤੇ ਕਿਹਾ ਕਿ ਇਹ ਰੋਗ ਨਹੀਂ ਇਹ ਯਾਦਗਾਰ ਹੈ ਉਸ ਸਮੇਂ ਦੀ ਜੱਦ ਅਸੀਂ ਨਵੇਂ ਮੁਸਲਿਮ ਗ਼ੁਲਾਮਾਂ ਨੂੰ ਅਰਬ ਦੇ ਲੋਕ ਮੱਕੇ ਦੀਆਂ ਗਲੀਆਂ ਵਿੱਚ ਸਖ਼ਤ ਤੇ ਖੁਰਦਰੇ ਪਥੱਰਾਂ ਉਪੱਰ ਘਸੀਟਿਆ ਕਰਦੇ ਸਨ ਅਤੇ ਲਗਾਤਾਰ ਜ਼ੁਲਮ ਜਾਰੀ ਰੱਖੇ ਜਾਂਦੇ ਸਨ । ਇਸੇ ਦੇ ਸਿੱਟੇ ਵੱਜੋਂ ਮੇਰੀ ਪਿੱਠ ਦੀ ਖੱਲ ਇਹ ਰੂਪ ਧਾਰਨ ਕਰ ਗਈ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਬੂ ਖ਼ਾਲਿਦ ਬਿਆਨ ਕਰਦੇ ਹਨ ਕਿ ਇਕ ਦਿਨ ਅਸੀਂ ਮਸਜਿਦ ਵਿੱਚ ਬੈਠੇ ਹੋਏ ਸਨ ਕਿ ਹਜ਼ਰਤ ਖ਼ਬਾਬ ਆਏ ਅਤੇ ਚੁੱਪ ਕੀਤੇ ਬਹਿ ਗਏ । ਲੋਕਾਂ ਨੇ ਇਹਨਾ ਨੂੰ ਕਿਹਾ ਕਿ ਕੁਝ ਬਿਆਨ ਕਰਨ ਜਾਂ ਕੁਝ ਹੁਕੂਮ ਦੇਣ । ਹਜ਼ਰਤ ਖ਼ਬਾਬ ਨੇ ਕਿਹਾ ਮੈਂ ਕਿਸ ਗੱਲ ਦਾ ਹੁਕੂਮ ਦਿਆਂ ਅਜਿਹਾ ਨ ਹੋਵੇ ਕਿ ਮੈਂ ਕਿਸੇ ਅਜਿਹੀ ਗੱਲ ਦਾ ਹੁਕੂਮ ਦਿਆਂ ਜੋ ਮੈਂ ਆਪ ਨਹੀਂ ਕਰਦਾ । ਰੱਬ ਦੇ ਖ਼ੌਫ਼ ਤੇ ਤਕਵਾ (ਸੰਜਮਤਾ) ਦਾ ਇਹ ਮਿਆਰ ਸੀ ਇਹਨਾ ਲੋਕਾਂ ਦਾ ।

ਤਾਰਿਕ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਸਹਾਬਾ ਦੀ ਇਕ ਜਮਾਤ ਨੇ ਹਜ਼ਰਤ ਖ਼ਬਾਬ ਦਾ ਹਾਲ ਚਾਲ ਪੁੱਛਿਆ, ਉਹਨਾ ਨੇ ਕਿਹਾ ਕਿ ਹੇ ਅਬੂ ਅਬਦੁਲੱਾਹ ਖ਼ੁਸ਼ ਹੋ ਜਾਓ ਕਿ ਤੁਸੀਂ ਆਪਣੇ ਭਰਾਵਾਂ ਕੋਲ ਹੌਜ਼ੇ ਕੌਸਰ ਜਾਂਦੇ ਹੋ । ਹਜ਼ਰਤ ਖ਼ਬਾਬ ਦੇ ਕਿਹਾ ਕਿ ਤੁਸੀਂ ਮੇਰੇ ਸਾਹਮਣੇ ਉਹਨਾ ਭਰਾਵਾਂ ਦਾ ਜ਼ਿਕਰ ਕੀਤਾ ਹੈ ਜੋ ਲੰਘ ਗਏ ਹਨ ਅਤੇ ਉਹਨਾ ਨੇ ਆਪਣੇ ਪ੍ਰਤੀਫਲ ਵਿੱਚੋਂ ਕੁਝ ਨ ਹਾਸਲ ਕੀਤਾ ਅਤੇ ਅਸੀਂ ਉਹਨਾ ਦੇ ਬਾਦ ਬਾਕੀ ਰਹੇ ਇੱਥੋਂ ਤੱਕ ਕਿ ਸਾਨੂੰ ਦੁਨੀਆ ਦਾ ਉਹ ਕੁਝ ਹਾਸਲ ਹੋ ਗਿਆ ਜਿਸ ਬਾਰੇ ਅਸੀਂ ਡਰਦੇ ਹਾਂ ਕਿ ਸੰਭਵਤਾ ਇਹ ਸਾਡੇ ਬੀਤਿ ਕੀਤੇ ਗਏ ਕਰਮਾ ਦਾ ਪੁੰਨ੍ਹ ਹੈ । ਹਜ਼ਰਤ ਖ਼ਬਾਬ ਬਹੁਤ ਸਖ਼ਤ ਤੇ ਲੱਮੇ ਰੋਗ ਵਿੱਚ ਗ੍ਰਿਸਤ ਰਹੇ ।

ਹਜ਼ਰਤ ਖ਼ਬਾਬ ਬਿਆਨ ਕਰਦੇ ਹਨ ਕਿ ਅਸੀਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਹਿਜਰਤ ਕੀਤੀ । ਅਸੀਂ ਰੱਬ ਦੀ ਰਜ਼ਾ ਚਾਹੁੰਦੇ ਸੀ ਅਤੇ ਸਾਡਾ ਪ੍ਰਤੀਫਲ ਰੱਬ ਦੇ ਜ਼ਿੰਮੇ ਹੋ ਗਿਆ । ਸਾਡੇ ਵਿੱਚੋਂ ਅਜਿਹੇ ਵੀ ਸਨ ਜਿੰਨ੍ਹਾ ਦਾ ਦੇਹਾਂਤ ਹੋ ਗਿਆ ਅਤੇ ਉਹਨਾ ਨੇ ਆਪਣੇ ਪ੍ਰਤੀਫਲ ਵਿੱਚੋਂ ਕੁਝ ਵੀ ਨਹੀਂ ਖਾਇਆ, ਇਹਨਾਂ ਵਿੱਚੋਂ ਹਜ਼ਰਤ ਮਸਾਅਬ ਬਿਨ ਉਮੈਰ ਵੀ ਹਨ ਅਤੇ ਸਾਡੇ ਵਿੱਚੋਂ ਅਜਿਹੇ ਵੀ ਹਨ ਜਿੰਨ੍ਹਾ ਦਾ ਫਲ ਪੱਕ ਗਿਆ ਅਤੇ ਓਹ ਇਸ ਫਲ ਨੂੰ ਚੁਣ ਰਹੇ ਹਨ । ਹਜ਼ਰਤ ਮਸਾਅਬ ਉਹਦ ਦੀ ਜੰਗ ਦੇ ਸ਼ਹੀਦ ਸਨ ਅਤੇ ਸਾਨੂੰ ਕੇਵਲ ਇਕ ਹੀ ਚਾਦਰ ਮਿਲੀ ਸੀ ਕਿ ਜਿਸ ਨਾਲ ਅਸੀਂ ਉਹਨਾ ਨੂੰ ਕਫ਼ਨ ਪਾਉਂਦੇ । ਜੱਦ ਅਸੀਂ ਇਸ ਨਾਲ ਉਹਨਾ ਦਾ ਸਿਰ ਢਕੱਦੇ ਤਾਂ ਉਹਨਾ ਦੇ ਪੈਰ੍ਹ ਬਾਰ ਨਿਕਲ ਜਾਂਦੇ ਅਤੇ ਜੇਕਰ ਉਹਨਾ ਦੇ ਪੈਰ੍ਹ ਢਕੱਦੇ ਤਾਂ ਉਹਨਾ ਦਾ ਸਿਰ ਨਿਕਲ ਜਾਂਦਾ ਤਾਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਇਹਨਾ ਦਾ ਸਿਰ ਢੱਕ ਦਿਓ ਅਤੇ ਇਹਨਾ ਦੇ ਪੈਰ੍ਹਾਂ'ਤੇ ਅਜ਼ਖ਼ਰ ਘਾਹ ਪਾ ਦਿਓ ।

ਜ਼ੈਦ ਬਿਨ ਵਹਬ ਨੇ ਬਿਆਨ ਕੀਤਾ ਕਿ ਅਸੀਂ ਹਜ਼ਰਤ ਅਲੀ ਦੇ ਨਾਲ ਸਫ਼ੀਨ ਦੀ ਜੰਗ ਤੋਂ ਪਰਤ ਰਹੇ ਸੀ ਇੱਥੋਂ ਤੱਕ ਕਿ ਜੱਦ ਅਸੀਂ ਕੂਫ਼ਾ ਦੇ ਦਰਵਾਜ਼ੇ'ਤੇ ਪਹੁੰਚੇ ਤਾਂ ਕੀ ਦੇਖਦੇ ਹਾਂ ਕਿ ਸਾਡੇ ਸੱਜੇ ਪਾਸੇ ਸੱਤ ਕਬਰਾਂ

ਹਨ । ਹਜ਼ਰਤ ਅਲੀ ਦੇ ਪੁੱਛਿਆ ਕਿ ਇਹ ਕਬਰਾ ਕਿਵੇਂ ਹਨ । ਲੋਕਾਂ ਨੇ ਕਿਹਾ ਕਿ ਹੇ, ਅਮੀਰੁਲ ਮੋਮਿਨੀਨ ਆਪਦੇ ਸਫ਼ੀਨ ਦੀ ਜੰਗ ਲਈ ਨਿਕਲਣ ਦੇ ਬਾਦ ਖ਼ਬਾਬ ਦੀ ਵਫ਼ਾਤ ਹੋ ਗਈ । ਇਹਨਾ ਨੇ ਵਸੀਯੱਤ ਕੀਤੀ ਕਿ ਕੂਫ਼ਾ ਤੋਂ ਬਾਹਰ ਦਫ਼ਨ ਕੀਤਾ ਜਾਏ । ਉੱਥੇ ਦਸਤੂਰ ਸੀ ਕਿ ਆਪਣੇ ਮਰਦਾਂ ਨੂੰ ਆਪਣੇ ਵਿਹੜਿਆਂ ਵਿੱਚ ਅਤੇ ਆਪਣੇ ਘਰਾਂ ਦੇ ਦਰਵਾਜ਼ਿਆਂ ਦੇ ਨਾਲ ਦਫ਼ਨ ਕੀਤਾ ਕਰਦੇ ਸਨ, ਪਰ ਜੱਦ ਇਹਨਾ ਨੇ ਹਜ਼ਰਤ ਖ਼ਬਾਬ ਨੂੰ ਦੇਖਿਆ ਕਿ ਇਹਨਾ ਨੇ ਬਾਹਰ ਦਫ਼ਨ ਕਰਨ ਦੀ ਵਸੀਯੱਤ ਕੀਤੀ ਤਾਂ ਲੋਕ ਵੀ ਦਫ਼ਨ ਕਰਨ ਲੱਗੇ । ਹਜ਼ਰਤ ਅਲੀ ਨੇ ਕਿਹਾ, ਰੱਬ ਖ਼ਬਾਬ ਉਪੱਰ ਰਹਿਮ ਕਰੇ ਉਹ ਆਪਣੀ ਖ਼ੁਸ਼ੀ ਨਾਲ ਨਾਲ ਇਸਲਾਮ ਲਿਆਏ ਅਤੇ ਉਹਨਾ ਨੇ ਆਗਿਆਕਾਰੀ ਕਰਦਿਆਂ ਹੋਇਆਂ ਹਿਜਰਤ ਕੀਤੀ ਅਤੇ ਇਕ ਮੁਜਾਹਿਦ ਦੇ ਰੂਪ ਵਿੱਚ ਜੀਵਨ ਬਤੀਤ ਕੀਤਾ ਅਤੇ ਸ਼ਰੀਰਕ ਰੂਪ ਵਿੱਚ ਉਹ ਪਰਖੇ ਗਏ । ਜੋ ਮਨੁੱਖ ਨੇਕ ਕੰਮ ਕਰੇ ਰੱਬ ਉਸ ਦਾ ਪ੍ਰਤੀਫਲ ਨਸ਼ਟ ਨਹੀਂ ਕਰਦਾ । ਹਜ਼ਰਤ ਅਲੀ ਇਹਨਾ ਕਬਰਾਂ ਦੇ ਨੇੜੇ ਗਏ ਅਤੇ ਕਿਹਾ ਤੁਹਾਡੇ ਉਪੱਰ ਸਲਾਮਤੀ ਹੋਵੇ ਹੇ ਰਹਿਣ ਵਾਲਿਓ ਜੋ ਮੋਮਿਨ ਤੇ ਮੁਸਲਮਾਨ ਹੋ । ਤੁਸੀਂ ਅੱਗੇ ਜਾਕੇ ਸਾਡੇ ਲਈ ਸਾਧਨ ਜੁਟਾਉਣ ਵਾਲੇ ਹੋ ਅਤੇ ਅਸੀਂ ਤੁਹਾਡੇ ਪਿੱਛੇ ਪਿੱਛੇ ਛੇਤੀ ਹੀ ਤੁਹਾਨੂੰ ਆਣ ਮਿਲਣ ਵਾਲੇ ਹਾਂ । ਹੇ, ਅੱਲਾਹ ਸਾਨੂੰ ਅਤੇ ਇਹਨਾ ਨੂੰ ਬਖ਼ਸ਼ ਦੇ ਅਤੇ ਆਪਣੇ ਦਰਗੁਜ਼ਰ ਰਾਹੀਂ ਸਾਨੂੰ ਅਤੇ ਇਹਨਾ ਨੂੰ ਦਰਗੁਜ਼ਰ ਕਰ । ਖ਼ੁਸ਼ਖ਼ਬਰੀ ਹੋਵੇ ਉਸ ਮਨੁੱਖ ਨੂੰ ਜੋ ਆਖ਼ਰਤ ਨੂੰ ਯਾਦ ਕਰੇ ਅਤੇ ਹਿਸਾਬ ਲਈ ਕਰਮ ਕਰੇ ਅਤੇ ਜੋ ਉਸ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਵਾਲੀ ਚੀਜ਼ ਹੋਵੇ, ਉਹ ਇਸ'ਤੇ ਸਬਰ ਕਰੇ ਅਤੇ ਰੱਬ ਨੂੰ ਰਾਜ਼ੀ ਰੱਖੇ । ਹਜ਼ਰਤ ਖ਼ਬਾਬ ਦਾ ਦੇਹਾਂਤ 37 ਹਿਜਰੀ ਵਿੱਚ 73 ਸਾਲ ਦੀ ਉਮਰ ਵਿੱਚ ਹੋਇਆ ਸੀ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ
اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَاَشْھَدُ اَنْ لَّآ اِلٰہَ اِلَّا اللّٰہُ وَحْدَہٗ لَا شَرِیْکَ لَہٗ وَاَشْھَدُ اَنَّ
مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ
وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ فَاذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ.

★★★★★

**Khulasa Khutba Jumma 08.05.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131